ਕੰਪਿਊਟਰ ਸੈਲ ਸਿੰਚਾਈ ਵਿਭਾਗ ਪੰਜਾਬ
ਚੰਡੀਗੜ੍ਹ
ਡਾਇਰੀ ਨੰ 866/cc ਮਿਤੀ 5/4/16

ਦਫ਼ਤਰ ਮੁੱਖ ਇੰਜੀਨੀਅਰ, ਸਿੰਚਾਈ ਵਿਭਾਗ, ਪੰਜਾਬ
2779
05 APR 16

ਪੰਜਾਬ ਸਰਕਾਰ
ਸਿੰਚਾਈ ਵਿਭਾਗ
(ਸਿੰਚਾਈ ਪ੍ਰਸੋਨਲ-2 ਸਾਖਾ)

**ਅਧਿਸੂਚਨਾਂ**

ਨੰ:18/2/2016-5ਸਿੰ.ਪ੍ਰੋ:2/727263 ਮਿਤੀ,ਚੰਡੀਗੜ੍ਹ: 5/4/16

ਸ੍ਰੀਮਤੀ ਸੁਨੀਤਾ ਰਾਣੀ, ਸੁਪਰਡੰਟ ਗਰੇਡ-1 ਨੂੰ ਵਿੱਤ ਵਿਭਾਗ (ਵਿੱਤ ਪ੍ਰਸੋਨਲ-2 ਸਾਖਾ) ਦੀਆਂ ਹਦਾਇਤਾਂ ਮਿਤੀ 8.10.2012 ਅਤੇ ਮਿਤੀ 20.9.2013 ਦੇ ਸਨਮੁੱਖ ਦੋ ਸਾਲ ਦਾ ਵਾਧਾ ਲੈਣ ਉਪਰੰਤ 60 ਸਾਲ ਦੀ ਉਮਰ ਪੂਰੀ ਕਰਨ ਤੇ ਮਿਤੀ 31.3.2016 ਨੂੰ ਬਾਅਦ ਦੁਪਹਿਰ ਤੋਂ ਬਤੌਰ ਸੁਪਰਡੰਟ ਗਰੇਡ-1 ਸੇਵਾ ਨਵਿਰਤ ਹੋ ਗਏ ਹਨ।

ਜੇਕਰ ਇਸ ਅਧਿਕਾਰੀ ਵਿਰੁੱਧ ਕੋਈ ਵਿਭਾਗੀ/ਚੌਕਸੀ ਪੜਤਾਲ ਜਾਂ ਮਿਸਲੇਨੀਅਸ ਐਡਵਾਂਸ ਰਕਮਾਂ ਦਾ ਕੇਸ ਲੰਬਿਤ ਹੋਵੇ ਤਾਂ ਉਸ ਤੇ ਇਨ੍ਹਾਂ ਹੁਕਮਾਂ ਦਾ ਕੋਈ ਅਸਰ ਨਹੀਂ ਹੋਵੇਗਾ ਭਾਵ ਇੰਨਕੁਆਰੀ ਚੱਲਦੀ ਰਹੇਗੀ ਅਤੇ ਉਸ ਇੰਨਕੁਆਰੀ ਦੇ ਸਿਟਿਆਂ ਦੇ ਸਨਮੁੱਖ ਉਨ੍ਹਾਂ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

ਕਾਹਨ ਸਿੰਘ ਪੰਨੂੰ
ਸਕੱਤਰ, ਪੰਜਾਬ ਸਰਕਾਰ
ਸਿੰਚਾਈ ਵਿਭਾਗ।

ਮਿਤੀ,ਚੰਡੀਗੜ੍ਹ:
4-4-2016

ਪਿੱਠ ਅੰਕਣ ਨੰ: 18/2/2016-5ਸਿੰ.ਪ੍ਰੋ.2/ ਮਿਤੀ,ਚੰਡੀਗੜ੍ਹ:

ਇਸ ਅਧਿਸੂਚਨਾਂ ਦੀਆਂ 2 ਤਸਦੀਕਸੁਦਾ ਕਾਪੀਆਂ ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ, ਪੰਜਾਬ, ਮੋਹਾਲੀ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਅਗਲੇ ਪ੍ਰਕਾਸਿਤ ਹੋਣ ਵਾਲੇ ਗਜਟ ਵਿੱਚ ਅਧਿਸੂਚਨਾਂ ਪ੍ਰਕਾਸਿਤ ਕਰਨ ਦੀ ਖੇਚਲ ਕੀਤੀ ਜਾਵੇ ਅਤੇ ਇਸ ਦੀਆਂ 25 ਕਾਪੀਆਂ ਸਰਕਾਰ ਨੂੰ ਭੇਜੀਆਂ ਜਾਣ। ਉਕਤ ਨੋਟੀਫਿਕੇਸਨ ਵਿਭਾਗ ਨੂੰ ਦਫਤਰ ਕੰਟਰੋਲਰ, ਛਪਾਈ ਤੇ ਸਟੇਸਨਰੀ, ਪੰਜਾਬ, ਮੋਹਾਲੀ ਦੀ ਈ-ਮੇਲ ਨੰ; punjabpressmohali@gmail.com ਤੇ ਵੀ ਲੋਡ ਕਰ ਦਿੱਤੀ ਹੈ।

ਸੁਪਰਡੰਟ

ਪਿੱਠ ਅੰਕਣ ਨੰ: 18/2/2016-5ਸਿੰ.ਪ੍ਰੋ.2/727263/4 ਮਿਤੀ,ਚੰਡੀਗੜ੍ਹ: 5/4/16

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਤੁਰੰਤ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1) ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਉਨ੍ਹਾਂ ਦੇ ਪੱਤਰ ਨੰ; 5290/7ਪ੍ਰਸਾਸਨ/2016 ਮਿਤੀ 29-3-2016 ਦੇ ਹਵਾਲੇ ਵਿੱਚ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।
2) ਮਹਾਂਲੇਖਾਕਾਰ, ਪੰਜਾਬ,ਚੰਡੀਗੜ੍ਹ।
3) ਕਾਰਜਕਾਰੀ ਇੰਜੀਨੀਅਰ-ਕਮ-ਇੰਚਾਰਜ,ਕੰਪਿਊਟਰ ਸੈਲ, ਮੁੱਖ ਦਫਤਰ ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ,ਚੰਡੀਗੜ੍ਹ।
4) ਸ੍ਰੀਮਤੀ ਸੁਨੀਤਾ ਰਾਣੀ, ਸੁਪਰਡੰਟ ਗਰੇਡ-1, ਮਾਰਫਤ ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ,ਚੰਡੀਗੜ੍ਹ।

ਸੁਪਰਡੰਟ